Punjabi

# ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ – ਓਵਰਪੇਮਿੰਟਸ (ਵਾਧੂ ਭੁਗਤਾਨ) ਅਤੇ ਡੈੱਟ (ਰਿਣ) ਸਬੰਧੀ ਗਾਈਡ

**(Housing Benefit and Council Tax Benefit – a guide to overpayments and debt)**

ਇਸ ਪਰਚੇ ਵਿਚ ਵਾਧੂ ਭੁਗਤਾਨਾ ਅਤੇ ਰਿਣ ਬਾਰੇ ਵਿਆਖਿਆ ਕੀਤੀ ਗਈ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ, ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

## ਵਾਧੂ ਭੁਗਤਾਨ ਕੀ ਹੈ?

ਵਾਧੂ ਭੁਗਤਾਨ ਹਾਊਸਿੰਗ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਦੀ ਉਹ ਰਕਮ ਹੈ ਜੋ ਤੁਹਾਨੂੰ ਜਾਂ ਤੁਹਾਡੇ ਕਿਰਾਏਦਾਰ ਨੂੰ ਦਿੱਤੀ ਜਾ ਚੁੱਕੀ ਹੈ ਪਰ ਜਿਸਦੇ ਤੁਸੀਂ ਹੱਕਦਾਰ ਨਹੀਂ ਸੀ। ਜੇ ਤੁਹਾਨੂੰ ਵਾਧੂ ਬੈਨੀਫਿਟ ਦਿੱਤਾ ਗਿਆ ਹੈ ਤਾਂ ਆਮਤੌਰ ਤੇ ਤੁਹਾਨੂੰ ਵਾਧੂ ਮਿਲੀ ਰਕਮ ਨੂੰ ਵਾਪਸ ਕਰਨ ਲਈ ਕਿਹਾ ਜਾਵੇਗਾ। ਇਸਨੂੰ ਵਾਪਸ ਲੈਣ ਯੋਗ ਵਾਧੂ ਭੁਗਤਾਨ (ਰਿਕੱਵਰੇਬਲ ਓਵਰਪੇਮਿੰਟ) ਕਿਹਾ ਜਾਂਦਾ ਹੈ।

## ਵਾਪਸ ਲੈਣ ਯੋਗ ਵਾਧੂ ਭੁਗਤਾਨ ਕੀ ਹੈ?

ਜੇ ਵਾਧੂ ਭੁਗਤਾਨ ਕਿਸੇ 'ਦਫਤਰੀ ਗਲਤੀ' ਕਾਰਨ ਨਹੀਂ ਹੋਏ ਅਤੇ ਤੁਹਾਨੂੰ ਬੈਨੀਫਿਟ ਬਾਰੇ ਦੱਸਣ ਜਾਂ ਦੇਣ ਵੇਲੇ ਤੁਸੀਂ ਕਿਸੇ ਵਾਜਬ ਤਰੀਕੇ ਰਾਹੀਂ ਨਹੀਂ ਜਾਣ ਸਕਦੇ ਸੀ ਕਿ ਉਹ ਗਲਤ ਹਨ ਤਾਂ ਹਰ ਤਰਾਂ ਦੇ ਵਾਧੂ ਭੁਗਤਾਨ ਵਾਪਸ ਲੈਣ ਯੋਗ ਹਨ।

## 'ਦਫਤਰੀ ਗਲਤੀ' ਕੀ ਹੈ?

ਤੁਹਾਡੀ ਲੋਕਲ ਕੌਂਸਲ ਦੀ ਬੈਨੀਫਿਟ ਸਰਵਿਸ ਜਾਂ ਉਸਦੀ ਤਰਫੋਂ ਕਾਰਵਾਈ ਕਰ ਰਹੇ ਕਿਸੇ ਵਿਅਕਤੀ ਕੋਲੋਂ ਹੋਈ ਗਲਤੀ ਨੂੰ ਦਫਤਰੀ ਗਲਤੀ ਮੰਨਿਆ ਜਾਂਦਾ ਹੈ। ਇਸ ਵਿਚ ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ ਅਤੇ ਜੌਬਸੈਂਟਰ ਪਲੱਸ ਵੀ ਸ਼ਾਮਲ ਹਨ। ਜੇ ਕੋਈ ਗਲਤੀ ਤੁਹਾਡੇ ਵਲੋਂ ਜਾਂ ਤੁਹਾਡੀ ਤਰਫੋਂ ਕਾਰਵਾਈ ਕਰਨ ਵਾਲੇ ਕਿਸੇ ਵਿਅਕਤੀ ਵਲੋਂ ਜਾਣਕਾਰੀ ਦੇਣ ਵਿਚ ਕੁਤਾਹੀ ਕਰਨ ਜਾਂ ਝੂਠੀ ਜਾਂ ਗੁਮਰਾਹ-ਕੁਨ ਜਾਣਕਾਰੀ ਦੇਣ ਕਾਰਨ ਹੋਈ ਹੈ ਤਾਂ ਇਹ 'ਦਫਤਰੀ ਗਲਤੀ' ਨਹੀਂ ਮੰਨੀ ਜਾਵੇਗੀ।

## ਵਾਧੂ ਭੁਗਤਾਨ ਹੁੰਦਾ ਹੀ ਕਿਉਂ ਹੈ?

ਇਹ ਵੱਖ ਵੱਖ ਕਾਰਨਾ ਕਰਕੇ ਹੋ ਜਾਂਦਾ ਹੈ। ਕੁੱਝ ਉਦਾਹਰਨਾ ਇਸ ਤਰਾਂ ਹਨ:

- ਆਪਣੀ ਆਮਦਨ ਵਿਚ ਵਾਧੇ, ਮਿਸਾਲ ਦੇ ਤੌਰ ਤੇ ਤਨਖਾਹ ਵਧਣ ਜਾਂ ਟੈਕਸ ਕ੍ਰੈਡਿਟ ਜਾਂ ਪੈਨਸ਼ਨ ਵਿਚ ਤਬਦੀਲੀ, ਬਾਰੇ ਸਾਨੂੰ ਦੱਸਣ ਦਾ ਤੁਹਾਨੂੰ ਖਿਆਲ ਨਾ ਰਿਹਾ ਹੋਵੇ।
- ਕੋਈ ਤੁਹਾਡੇ ਘਰ ਵਿਚ ਰਹਿਣ ਵਾਸਤੇ ਆ ਗਿਆ ਜਾਂ ਛੱਡ ਕੇ ਚਲਾ ਗਿਆ ਹੋਵੇ।
- ਤੁਸੀਂ ਆਪਣਾ ਘਰ ਛੱਡ ਕੇ ਚਲੇ ਗਏ ਹੋਵੋ ਅਤੇ ਕੌਂਸਲ ਨੂੰ ਨਾ ਦੱਸਿਆ ਹੋਵੇ
- ਤੁਸੀਂ ਕੰਮ ਤੇ ਜਾਣਾ ਸ਼ੁਰੂ ਕਰ ਦਿਤਾ ਹੋਵੇ ਜਾਂ ਨੌਕਰੀ ਬਦਲ ਲਈ ਹੋਵੇ।
- ਜੇ ਤੁਹਾਡੇ ਨਾਲ ਹੋਰ ਬਾਲਗ ਰਹਿੰਦੇ ਹੋਣ ਅਤੇ ਉਨ੍ਹਾਂ ਦੇ ਹਾਲਾਤ ਬਦਲ ਗਏ ਹੋਣ।

ਕਿਸੇ ਵੀ ਤਬਦੀਲੀ ਬਾਰੇ ਤੁਹਾਨੂੰ ਕੌਂਸਲ ਬੈਨੀਫਿਟਸ ਸਰਵਿਸ ਨੂੰ ਆਪ ਦੱਸਣਾ ਜ਼ਰੂਰੀ ਹੈ ਅਤੇ ਕਿਸੇ ਹੋਰ ਉਤੇ ਨਿਰਭਰ ਨਹੀਂ ਹੋਣਾ ਚਾਹੀਦਾ। ਭਾਵੇਂ ਤੁਸੀਂ ਡੀ.ਡਬਲਯੂ.ਪੀ. ਨੂੰ ਆਪਣੇ ਹਾਲਾਤਾਂ ਦੀ ਤਬਦੀਲੀ ਬਾਰੇ ਦੱਸ ਹੀ ਚੁੱਕੇ ਹੋਵੋ ਫਿਰ ਵੀ ਤੁਹਾਡੇ ਲਈ ਆਪਣੀ ਲੋਕਲ ਕੌਂਸਲ ਨੂੰ ਦੱਸਣਾ ਜ਼ਰੂਰੀ ਹੈ ਅਤੇ ਇਹ ਨਹੀਂ ਸੋਚ ਲੈਣਾ ਚਾਹੀਦਾ ਕਿ ਆਪੇ ਡੀ.ਡਬਲਯੂ.ਪੀ. ਕੌਂਸਲ ਨੂੰ ਦੱਸ ਦੇਣਗੇ।

## ਮੈਨੂੰ ਕਿਵੇਂ ਪਤਾ ਲੱਗੂ ਕਿ ਮੈਨੂੰ ਵਾਧੂ ਭੁਗਤਾਨ ਮਿਲ ਚੁੱਕਾ ਹੈ?

ਤੁਹਾਨੂੰ ਵਾਧੂ ਭੁਗਤਾਨਾ ਦਾ ਵੇਰਵਾ ਦਿੰਦੀ ਹੋਈ ਇਕ ਨੋਟੀਫਿਕੇਸ਼ਨ ਚਿੱਠੀ ਮਿਲੇਗੀ। ਇਹ ਚਿੱਠੀ ਤੁਹਾਨੂੰ ਦੱਸੇਗੀ ਕਿ ਵਾਧੂ ਭੁਗਤਾਨ ਕਿਵੇਂ ਹੋਇਆ ਹੈ ਅਤੇ ਕਿਸ ਸਮੇਂ ਦੌਰਾਨ ਹੋਇਆ ਹੈ। ਇਹ ਤੁਹਾਨੂੰ ਇਹ ਵੀ ਦੱਸੇਗੀ ਕਿ ਇਹ ਵਾਧੂ ਭੁਗਤਾਨ ਕਿਸ ਤਰਾਂ ਵਾਪਸ ਲਿਆ ਜਾਵੇਗਾ ਅਤੇ ਜੇ ਤੁਸੀਂ ਇਸ ਵਾਧੂ ਭੁਗਤਾਨ ਨਾਲ ਸਹਿਮਤ ਨਹੀਂ ਹੋ ਤਾਂ ਕੀ ਕਰਨਾ ਹੈ।

## ਜੇ ਮੈਂ ਸਹਿਮਤ ਨਾ ਹੋਵਾਂ ਕਿ ਇਹ ਵਾਧੂ ਭੁਗਤਾਨ ਹੋਇਆ ਹੈ ਤਾਂ ਮੈਂ ਕੀ ਕਰ ਸਕਦਾ ਹਾਂ?

ਜੇ ਚਿੱਠੀ ਵਿਚ ਦਿੱਤੀ ਗਈ ਜਾਣਕਾਰੀ ਨੂੰ ਪੜ੍ਹਕੇ ਤੁਸੀਂ ਇਸ ਵਾਧੂ ਭੁਗਤਾਨ ਬਾਰੇ ਸਹਿਮਤ ਨਹੀਂ ਹੋ ਤਾਂ ਤੁਹਾਡੇ ਵਾਸਤੇ ਆਪਣੀ ਲੋਕਲ ਕੌਂਸਲ ਦੇ ਬੈਨੀਫਿਟ ਸੈਕਸ਼ਨ ਨੂੰ ਚਿੱਠੀ ਲਿਖ ਕੇ ਵਧੇਰੇ ਵੇਰਵੇ ਦੀ ਮੰਗ ਕਰਨ ਜਾਂ ਉਨ੍ਹਾਂ ਨੂੰ ਇਸ ਫੈਸਲੇ

ਉਤੇ ਮੁੜ ਵਿਚਾਰ ਕਰਨ ਲਈ ਕਹਿਣ ਵਾਸਤੇ ਇਕ ਚਿੱਠੀ ਲਿਖਣੀ ਜਰੂਰੀ ਹੈ। ਤੁਹਾਨੂੰ ਇਹ ਚਿੱਠੀ ਨੋਟੀਫਿਕੇਸ਼ਨ ਚਿੱਠੀ ਦੀ ਤਰੀਕ ਤੋਂ ਇਕ ਕੈਲੰਡਰੀ ਮਹੀਨੇ ਦੇ ਅੰਦਰ ਲਿਖਣ ਦੀ ਲੋੜ ਹੈ।

ਜਿਨ੍ਹਾਂ ਚੀਜਾਂ ਨੂੰ ਤੁਸੀਂ ਚਣੌਤੀ ਦੇ ਸਕਦੇ ਹੋ ਉਹ ਹਨ:

- ਇਹ ਵਾਧੂ ਭੁਗਤਾਨ ਵਾਪਸ ਲੈਣ ਯੋਗ ਹੈ ਜਾਂ ਨਹੀਂ;
- ਇਹ ਕਿਸ ਕੋਲੋਂ ਵਾਪਸ ਲਿਆ ਜਾ ਸਕਦਾ ਹੈ;
- ਇਸਦਾ ਹਿਸਾਬ ਕਿਵੇਂ ਲਗਾਇਆ ਗਿਆ ਹੈ;
- ਬੱਚਤਾਂ ਅਤੇ ਨਿਵੇਸ਼ ਵਿਚ ਘਾਟਾ (ਜੇ ਵਾਧੂ ਭੁਗਤਾਨ ਬੱਚਤਾਂ ਜਾਂ ਨਿਵੇਸ਼ ਵਿਚ ਵਾਧੇ ਕਾਰਨ ਹੋਇਆ ਹੈ ਤਾਂ); ਅਤੇ
- ਪਾਤਰਤਾ ਦੇ ਹਿਸਾਬ ਵਿਚ ਗਲਤੀ।

ਜਿਨ੍ਹਾਂ ਚੀਜਾਂ ਨੂੰ ਤੁਸੀਂ ਚਣੌਤੀ ਨਹੀਂ ਦੇ ਸਕਦੇ ਉਹ ਹਨ:

- ਤੁਹਾਡੀ ਲੋਕਲ ਕੌਂਸਲ ਨੂੰ ਇਹ ਵਾਧੂ ਭੁਗਤਾਨ ਲੈਣਾ ਚਾਹੀਦਾ ਹੈ ਜਾਂ ਨਹੀਂ; ਅਤੇ
- ਤੁਹਾਡੀ ਲੋਕਲ ਕੌਂਸਲ ਇਹ ਵਾਧੂ ਭੁਗਤਾਨ ਵਾਪਸ ਲੈਣ ਦਾ ਕੀ ਤਰੀਕਾ ਅਪਣਾਉਂਦੀ ਹੈ।

## ਕੀ ਮੈਂ ਅਪੀਲ ਕਰ ਸਕਦਾ ਹਾਂ?

ਜੇ ਤੁਸੀਂ ਦਿੱਤੇ ਗਏ ਕਾਰਨਾ ਜਾਂ ਦੁਬਾਰਾ ਕੀਤੇ ਗਏ ਫੈਸਲੇ ਨਾਲ ਸੰਤੁਸ਼ਟ ਨਹੀਂ ਹੁੰਦੇ ਤਾਂ ਤੁਸੀਂ ਅਪੀਲ ਕਰ ਸਕਦੇ ਹੋ। ਅਪੀਲ ਲਿਖਤੀ ਰੂਪ ਵਿਚ ਹੋਣੀ ਚਾਹੀਦੀ ਹੈ ਅਤੇ ਇਸ ਉਤੇ ਤੁਹਾਡੇ ਦਸਤਖਤ ਹੋਣੇ ਜਰੂਰੀ ਹਨ। ਤੁਹਾਨੂੰ ਇਹ ਸਪੱਸ਼ਟ ਕਰਨਾ ਹੋਵੇਗਾ ਕਿ ਤੁਸੀਂ ਕਿਹੜੇ ਫੈਸਲੇ ਵਿਰੁੱਧ ਅਪੀਲ ਕਰ ਰਹੇ ਹੋ ਅਤੇ ਅਪੀਲ ਕਰਨ ਦੇ ਤੁਹਾਡੇ ਕੀ ਕਾਰਨ ਹਨ।

ਆਪਣੀ ਅਪੀਲ ਆਪਣੀ ਲੋਕਲ ਕੌਂਸਲ ਨੂੰ ਭੇਜੋ (ਉਨ੍ਹਾਂ ਦਾ ਸਰਨਾਵਾਂ ਤੁਹਾਡੇ ਕੌਂਸਲ ਟੈਕਸ ਬਿੱਲ ਉਤੇ ਹੁੰਦਾ ਹੈ)। ਫੈਸਲਾ ਹੋਣ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਅਪੀਲ ਕੀਤੀ ਜਾਣੀ ਜਰੂਰੀ ਹੈ। ਅਪੀਲਾਂ ਟ੍ਰਾਈਬਿਊਨਲ ਸਰਵਿਸ ਵਲੋਂ ਚਲਾਏ ਜਾਣ ਵਾਲੇ ਟ੍ਰਾਈਬਿਊਨਲਾਂ ਰਾਹੀ ਸੁਣੀਆਂ ਜਾਂਦੀਆਂ ਹਨ ਜੋ ਕਿ ਲੋਕਲ ਅਥਾਰਟੀਆਂ ਤੋਂ ਸੁਤੰਤਰ ਹਨ।

ਵਾਧੂ ਭੁਗਤਾਨਾ ਬਾਰੇ ਕੁੱਝ ਫੈਸਲਿਆਂ ਨੂੰ ਤੁਸੀਂ ਚਣੌਤੀ ਦੇ ਸਕਦੇ ਹੋ ਜੇ ਤੁਸੀ ਸੋਚਦੇ ਹੋ ਕਿ ਉਹ ਗਲਤ ਹਨ। ਤੁਸੀਂ ਵਧੇਰੇ ਜਾਣਕਾਰੀ ਜਾਂ ਫੈਸਲੇ ਦੀ ਵਿਆਖਿਆ ਦੀ ਵੀ ਮੰਗ ਕਰ ਸਕਦੇ ਹੋ।

## ਵਾਧੂ ਭੁਗਤਾਨ ਵਾਪਸ ਕਿਵੇਂ ਲਏ ਜਾਂਦੇ ਹਨ?

- ਜੇ ਤੁਹਾਨੂੰ ਹਾਊਸਿੰਗ ਬੈਨੀਫਿਟ ਮਿਲਦਾ ਹੈ ਤਾਂ ਵਾਧੂ ਭੁਗਤਾਨ ਵਾਪਸ ਲੈਣ ਵਾਸਤੇ ਹਰ ਹਫਤੇ ਤੁਹਾਡੇ ਬੈਨੀਫਿਟ ਵਿਚੋਂ ਕਟੌਤੀ ਕੀਤੀ ਜਾ ਸਕਦੀ ਹੈ।
- ਜੇ ਤੁਸੀਂ ਕੌਂਸਲ ਨੂੰ ਕਿਰਾਇਆ ਦਿੰਦੇ ਹੋ ਅਤੇ ਤੁਹਾਡੇ ਕਿਰਾਇਆ ਖਾਤੇ ਵਿਚ ਪੈਸੇ ਜਮ੍ਹਾ ਹਨ ਤਾਂ ਇਹ ਪੈਸੇ ਵਾਧੂ ਭੁਗਤਾਨ ਵਾਪਸ ਲੈਣ ਲਈ ਵਰਤੇ ਜਾ ਸਕਦੇ ਹਨ।
- ਜੇ ਤੁਹਾਨੂੰ ਹਾਊਸਿੰਗ ਬੈਨੀਫਿਟ ਨਹੀਂ ਮਿਲਦਾ ਤਾਂ ਕੌਂਸਲ ਤੁਹਾਨੂੰ ਬਿੱਲ ਭੇਜ ਸਕਦੀ ਹੈ ਅਤੇ ਤੁਹਾਨੂੰ ਉਸਦੇ ਭੁਗਤਾਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
- ਜੇ ਤੁਹਾਡਾ ਬੈਨੀਫਿਟ ਤੁਹਾਡੇ ਲੈਂਡਲਾਰਡ ਨੂੰ ਦਿੱਤਾ ਜਾਂਦਾ ਸੀ ਤਾਂ ਨਿਸ਼ਚਤ ਹਾਲਤਾਂ ਵਿਚ ਤੁਹਾਡੀ ਲੋਕਲ ਕੌਂਸਲ ਦਾ ਬੈਨੀਫਿਟ ਸੈਕਸ਼ਨ ਵਾਧੂ ਭੁਗਤਾਨ ਵਸੂਲ ਕਰਨ ਦੀ ਮੰਗ ਤੁਹਾਡੇ ਲੈਂਡਲਾਰਡ ਕੋਲੋਂ ਕਰ ਸਕਦਾ ਹੈ।
- ਵਾਧੂ ਭੁਗਤਾਨ ਦੀ ਵਸੂਲੀ ਵਾਸਤੇ ਤੁਹਾਡੀ ਲੋਕਲ ਕੌਂਸਲ ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨ ਨੂੰ ਤੁਹਾਡੇ ਸੋਸ਼ਲ ਸਕਿਊਰਟੀ ਬੈਨੀਫਿਟਾਂ ਵਿਚੋਂ ਪੈਸੇ ਕੱਟਣ ਵਾਸਤੇ ਆਖ ਸਕਦੀ ਹੈ। ਜੇ ਤੁਸੀਂ ਇਲਾਕਾ ਬਦਲ ਲੈਂਦੇ ਹੋ ਤਾਂ ਦੂਸਰੀ ਕੌਂਸਲ ਵਲੋਂ ਤੁਹਾਨੂੰ ਦਿੱਤੇ ਜਾਣ ਵਾਲੇ ਹਾਊਸਿੰਗ ਬੈਨੀਫਿਟ ਵਿਚੋਂ ਪੈਸੇ ਕੱਟੇ ਜਾ ਸਕਦੇ ਹਨ।
- ਜੇ ਵਾਧੂ ਭੁਗਤਾਨ ਕੌਂਸਲ ਟੈਕਸ ਬੈਨੀਫਿਟ ਵਿਚ ਹੋਇਆ ਹੈ ਤਾਂ ਕੌਂਸਲ ਇਸ ਵਾਧੂ ਭੁਗਤਾਨ ਦੀ ਰਕਮ ਤੁਹਾਡੇ ਕੌਂਸਲ ਟੈਕਸ ਬਿੱਲ ਵਿਚ ਪਾ ਦੇਵੇਗੀ। ਕੌਂਸਲ ਟੈਕਸ ਆਫਿਸ ਇਸ ਵਾਧੂ ਭੁਗਤਾਨ ਦੀ ਵਸੂਲੀ ਤੁਹਾਡੀਆਂ ਮਾਹਵਾਰੀ ਕਿਸ਼ਤਾਂ ਦੀ ਰਕਮ ਵਧਾ ਕੇ ਕਰੇਗਾ।

**ਕੌਂਸਲ ਤੁਹਾਡੇ ਹਾਊਸਿੰਗ ਬੈਨੀਫਿਟ ਦੇ ਵਾਧੂ ਭੁਗਤਾਨ ਦੀ ਵਸੂਲੀ ਤੁਹਾਡੇ ਕੌਂਸਲ ਟੈਕਸ ਰਾਹੀਂ ਨਹੀਂ ਕਰੇਗੀ ਅਤੇ ਨਾ ਹੀ ਕੌਂਸਲ ਟੈਕਸ ਬੈਨੀਫਿਟ ਦੇ ਵਾਧੂ ਭੁਗਤਾਨ ਦੀ ਹਾਊਸਿੰਗ ਬੈਨੀਫਿਟ ਰਾਹੀਂ।**

## ਕੀ ਵਾਧੂ ਭੁਗਤਾਨ ਦੀ ਵਸੂਲੀ ਨੂੰ ਘੱਟ ਵੀ ਕੀਤਾ ਜਾ ਸਕਦਾ ਹੈ?

ਜੇ ਤੁਸੀਂ ਅਪਣੀ ਲੋਕਲ ਕੌਂਸਲ ਬੈਨੀਫਿਟ ਸਰਵਿਸ ਨੂੰ ਵਾਧੂ ਭੁਗਤਾਨ ਹੋਣ ਦੇ ਸਮੇਂ ਦੌਰਾਨ ਆਪਣੇ ਸਹੀ ਹਾਲਾਤਾਂ ਬਾਰੇ ਦੱਸ ਦਿੰਦੇ ਹੋ ਤਾਂ ਕੁੱਝ ਹਾਲਤਾਂ ਵਿਚ ਵਾਧੂ ਭੁਗਤਾਨ ਦੀ ਵਸੂਲੀ ਵਿਚ ਕਮੀ ਲਿਆਂਦੀ ਜਾ ਸਕਦੀ ਹੈ। ਜੇ ਵਾਧੂ ਭੁਗਤਾਨ ਹੋਣ ਦੇ ਸਮੇਂ ਦੌਰਾਨ ਬੈਨੀਫਿਟ ਮਿਲਦਾ ਹੈ ਤਾ ਇਸ ਨੂੰ ਅੰਡਰਲਾਈਂਗ ਇਨਟਾਇਟਲਮੈਂਟ ਕਿਹਾ ਜਾਂਦਾ ਹੈ। ਜੇ ਤੁਹਾਡੇ ਕੋਲ ਅੰਡਰਲਾਈਂਗ ਇਨਟਾਇਟਲਮੈਂਟ ਹੈ ਤਾਂ ਇਸਨੂੰ ਵਾਧੂ ਭੁਗਤਾਨ ਦੀ ਵਸੂਲੀ ਘਟਾਉਣ ਲਈ ਵਰਤਿਆ ਜਾ ਸਕਦਾ ਹੈ।

ਅੰਡਰਲਾਈਂਗ ਇਨਟਾਇਟਲਮੈਂਟ ਦਾ ਹਿਸਾਬ ਲਗਾਉਣ ਵਾਸਤੇ ਤੁਹਾਨੂੰ ਆਪਣੇ ਹਾਲਾਤਾਂ ਬਾਰੇ ਦੱਸਣ ਲਈ ਇਕ ਨਵਾਂ ਫਾਰਮ ਭਰਨ ਲਈ ਕਿਹਾ ਜਾ ਸਕਦਾ ਹੈ ਅਤੇ ਇਨ੍ਹਾਂ ਸਬੰਧੀ ਦਸਤਾਵੇਜੀ ਸਬੂਤ ਪੇਸ਼ ਕਰਨ ਲਈ ਕਿਹਾ ਜਾ ਸਕਦਾ ਹੈ। ਇਸ ਸਮੇਂ ਦੌਰਾਨ ਮਿਲਣ ਵਾਲੀ ਰਕਮ ਨੂੰ ਵਾਧੂ ਭੁਗਤਾਨ ਘੱਟ ਕਰਨ ਵਾਸਤੇ ਹੀ ਵਰਤਿਆ ਜਾ ਸਕਦਾ ਹੈ, ਇਹ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਨਹੀਂ ਹੈ।

## ਜੇ ਮੇਰੇ ਹਾਊਸਿੰਗ ਬੈਨੀਫਿਟ ਜਾਂ ਭੁਗਤਾਨ ਵਿਚੋਂ ਕੀਤੀ ਜਾਣ ਵਾਲੀ ਕਟੌਤੀ ਮੇਰੇ ਵਿੱਤੋਂ ਬਾਹਰ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਆਪਣੇ ਹਾਊਸਿੰਗ ਬੈਨੀਫਿਟ ਜਾਂ ਭੁਗਤਾਨ ਵਿਚੋਂ ਕੀਤੀ ਜਾ ਰਹੀ ਕਟੌਤੀ ਨੂੰ ਬਦਲਵਾਉਣਾ ਚਾਹੁੰਦੇ ਹੋ ਤਾਂ ਤੁਰੰਤ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

## ਮੇਰੇ ਕੌਂਸਲ ਟੈਕਸ ਵਿਚ ਵਾਧੂ ਭੁਗਤਾਨ ਦੀ ਵਸੂਲੀ ਜੋੜੇ ਜਾਣ ਕਾਰਨ ਜੇ ਮੈਨੂੰ ਇਸਦੀਆਂ ਕਿਸ਼ਤਾਂ ਤਾਰਨ ਵਿਚ ਕਠਨਾਈ ਪੇਸ਼ ਆਉਂਦੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਭੁਗਤਾਨ ਕਰਨ ਵਿਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਕੋਈ ਪ੍ਰਬੰਧ ਕਰਨ ਵਾਸਤੇ ਤੁਹਾਡੇ ਲਈ ਲੋਕਲ ਕੌਂਸਲ ਨਾਲ ਸੰਪਰਕ ਕਰਨਾ ਜਰੂਰੀ ਹੈ। ਉਨ੍ਹਾਂ ਦਾ ਸੰਪਰਕ ਵੇਰਵਾ ਕੌਂਸਲ ਟੈਕਸ ਬਿੱਲ ਉਤੇ ਹੈ। ਜੇ ਤੁਸੀਂ ਭੁਗਤਾਨ ਜਾਂ ਸੰਪਰਕ ਨਹੀਂ ਕਰਦੇ ਤਾਂ ਤੁਹਾਡੇ ਘਰ ਕੋਰਟ ਆਰਡਰ ਜਾਂ ਬੇਲਿਫ ਭੇਜੇ ਜਾ ਸਕਦੇ ਹਨ। ਇਸ ਨਾਲ ਕੋਰਟ ਦਾ ਖਰਚ ਜਮ੍ਹਾ ਕਰਕੇ ਤੁਹਾਡਾ ਰਿਣ ਹੋਰ ਵਧ ਜਾਵੇਗਾ।

## ਜੇ ਕੌਂਸਲ ਮੈਨੂੰ ਕੋਈ ਇਨਵਾਇਸ (ਬਿੱਲ) ਭੇਜਦੀ ਹੈ ਅਤੇ ਮੈਂ ਇਸਦਾ ਭੁਗਤਾਨ ਇਕੋ ਵਾਰ ਨਾ ਕਰ ਸਕਦਾ ਹੋਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਸਾਰੀ ਰਕਮ ਇਕੋ ਵਾਰ ਨਹੀਂ ਭਰ ਸਕਦੇ ਤਾਂ ਇਸ ਵਾਸਤੇ ਕਿਸ਼ਤਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਕਿਸ਼ਤਾਂ ਦਾ ਪ੍ਰਬੰਧ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਆਮਦਨ ਅਤੇ ਖਰਚਿਆਂ ਦਾ ਵੇਰਵਾ ਦੇਣਾ ਪਵੇਗਾ। ਜੇ ਤੁਸੀਂ ਇਸਦੇ ਭੁਗਤਾਨ ਦਾ ਪ੍ਰਬੰਧ ਕਰਨ ਵਾਸਤੇ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਨਹੀਂ ਕਰਦੇ ਤਾਂ ਉਹ ਇਸ ਰਿਣ ਨੂੰ ਕਾਊਂਟੀ ਕੋਰਟ ਵਿਚ ਰਜਿਸਟਰ ਕਰਾ ਕੇ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਕਹਿ ਸਕਦੇ ਹਨ। ਇਹ ਕੋਰਟ ਆਰਡਰ ਵਰਗਾ ਹੀ ਹੈ ਅਤੇ ਇਸ ਨਾਲ ਤੁਹਾਡੇ ਕ੍ਰੈਡਿਟ ਰੇਟਿੰਗ ਤੇ ਅਸਰ ਪਵੇਗਾ। ਇਸ ਤਰਾਂ ਕੋਰਟ ਦਾ ਖਰਚ ਪੈ ਜਾਣ ਕਰਕੇ ਤੁਹਾਡੇ ਸਿਰ ਰਕਮ ਵਿਚ ਵਾਧਾ ਵੀ ਹੋ ਜਾਵੇਗਾ।

## ਮੈਂ ਆਪਣੇ ਸਿਰ ਪੈਸੇ ਸਬੰਧੀ ਮੱਦਦ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

ਤੁਸੀਂ ਆਪਣੀ ਸਮੱਸਿਆ ਦਾ ਹੱਲ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਕੇ ਕਰ ਸਕਦੇ ਹੋ ਜਿਨ੍ਹਾਂ ਦਾ ਤੁਸੀਂ ਪੈਸਾ ਦੇਣਾ ਹੈ। ਜੇ ਤੁਸੀਂ ਉਨ੍ਹਾਂ ਨਾਲ ਗੱਲ ਕਰੋ ਤਾਂ ਬਹੁਤ ਸਾਰੀਆਂ ਕੰਪਣੀਆਂ ਮੱਦਦਗਾਰ ਸਾਬਤ ਹੋਣਗੀਆਂ। ਤੁਸੀਂ ਆਪਣੇ ਸਿਰ ਪੈਸੇ ਨੂੰ ਨਜ਼ਰਅੰਦਾਜ ਨਹੀਂ ਕਰ ਸਕਦੇ ਇਸ ਕਰਕੇ ਕੁੱਝ ਵੀ ਨਾ ਦੇਣ ਨਾਲੋਂ ਥੋੜੀ ਥੋੜੀ ਰਕਮ ਦਾ ਭੁਗਤਾਨ ਕਰਨਾ ਬੇਹਤਰ ਹੈ। ਜੇ ਤੁਹਾਡੇ ਵਲੋਂ ਕੀਤੀ ਹੋਈ ਭੁਗਤਾਨ ਦੀ ਪੇਸ਼ਕਸ਼ ਨੂੰ ਉਹ ਸੰਸਥਾਵਾਂ ਨਾ ਮੰਨਣ ਤਾਂ ਸਲਾਹ ਪ੍ਰਾਪਤ ਕਰੋ।

ਤੁਸੀਂ ਆਪਣੇ ਸਿਰ ਪੈਸੇ ਦੀ ਸਮੱਸਿਆ ਨਾਲ ਨਿਪਟਣ ਵਾਸਤੇ ਬਹੁਤ ਸਾਰੀਆਂ ਸੰਸਥਾਵਾਂ ਕੋਲੋਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਨਿਰਪੱਖ ਸਲਾਹ ਪ੍ਰਾਪਤ ਕਰਨ ਵਾਸਤੇ ਤੁਸੀਂ ਹੇਠ ਲਿਖਿਆਂ ਵਿਚੋਂ ਕਿਸੇ ਨਾਲ ਵੀ ਸੰਪਰਕ ਕਰ ਸਕਦੇ ਹੋ:

- **ਸਿਟੀਜ਼ਨਜ ਐਡਵਾਈ ਬਿਊਰੋ** – ਰਿਣ ਸਬੰਧੀ ਮੁਫ਼ਤ, ਰਾਜ਼ਦਾਰ ਅਤੇ ਨਿਰਪੱਖ ਸਲਾਹ ਦਿੰਦੇ ਹਨ। ਆਪਣੇ ਲਾਗਲੇ ਬਿਊਰੋ ਦਾ ਵੇਰਵਾ ਆਪਣੀ ਲੋਕਲ ਫੋਨ ਬੁੱਕ ਵਿਚ ਦੇਖਿਆ ਜਾ ਸਕਦਾ ਹੈ ਜਾਂ ਦੇਖੋ: www.citizensadvice.org.uk

- **ਨੈਸ਼ਨਲ ਡੈੱਟਲਾਈਨ** – ਕਰਜ਼ੇ ਥੱਲੇ ਦੱਬੇ ਹੋਏ ਲੋਕਾਂ ਵਾਸਤੇ ਮੁਫ਼ਤ ਹੈਲਪਲਾਈਨ।
  ਟੈਲੀਫੋਨ: 0808 808 4000 ਜਾਂ ਦੇਖੋ www.nationaldebtline.co.uk
- **ਐਡਵਾਈਸ ਯੂ.ਕੇ.** – ਸਲਾਹ ਦੇਣ ਵਾਲੀਆਂ ਸੰਸਥਾਵਾਂ ਦਾ ਵਿਸ਼ਾਲ ਨੈਟਵਰਕ। ਐਡਵਾਈਸ ਯੂ.ਕੇ. ਦੇ ਹੇਠ ਲਿਖੇ ਪਤੇ ਰਾਹੀਂ ਤੁਸੀਂ ਇੰਡੀਪੈਂਡੰਟ ਐਡਵਾਈਸ ਏਜੰਸੀਆਂ ਨਾਲ ਸੰਪਰਕ ਕਰ ਸਕਦੇ ਹੋ: Advice UK, 12th Floor, New London Bridge house, 25 London Bridge Street, London SE1 9ST
  ਟੈਲੀਫੋਨ 020 7407 4070 (ਨੈਸ਼ਨਲ) ਜਾਂ 020 7407 6611 (ਲੰਡਨ) ਜਾਂ ਦੇਖੋ: www.adviceuk.org.uk
- **ਕੰਸਿਊਮਰ ਕ੍ਰੈਡਿਟ ਕਾਊਂਸਲਿੰਗ ਸਰਵਿਸ** – ਰਿਣ ਸਮੱਸਿਆ ਦਾ ਸਾਰਥਕ ਹੱਲ ਲੱਭਣ, ਦਿਵਾਲੀਏਪਣ ਤੋਂ ਬਚਣ ਅਤੇ ਪੈਸੇ ਦੀ ਸੰਭਾਲ ਸਿਖਣ ਵਿਚ ਮੱਦਦ ਕਰਨ ਵਾਸਤੇ ਮੁਫ਼ਤ, ਰਾਜ਼ਦਾਰ ਸਲਾਹ ਦਿੰਦੇ ਹਨ।
  ਟੈਲੀਫੋਨ 0800 138 1111 ਜਾਂ ਦੇਖੋ www.cccs.co.uk

## ਮੈਂ ਵਧੇਰੇ ਸਲਾਹ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਚਾਹੀਦੀ ਹੈ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ। ਜਾਂ ਫਿਰ ਤੁਸੀਂ ਇਸ ਪਰਚੇ ਵਿਚ ਲਿਖੀਆਂ ਹੋਈਆਂ ਸੰਸਥਾਵਾਂ ਵਿਚੋਂ ਕਿਸੇ ਨਾਲ ਸੰਪਰਕ ਕਰ ਸਕਦੇ ਹੋ। ਉਨ੍ਹਾਂ ਦਾ ਵੇਰਵਾ ਤੁਹਾਡੀ ਲੋਕਲ ਫੋਨ ਬੁੱਕ ਵਿਚ ਦਰਜ ਹੈ।

## ਦੂਸਰੇ ਰੂਪ

ਤੁਸੀਂ ਇਸ ਕਿਤਾਬਚੇ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਅਤੇ ਦੂਸਰੀਆਂ ਬੋਲੀਆਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ।